ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 22 ਨਵੰਬਰ, 1998

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਆਰਥਿਕ ਸਿਸਟਮਾਂ ਦੀ ਪਹੁੰਚ

ਅਮਰਿਤਯ ਸੇਨ ਨੂੰ ਇਸ ਸਾਲ ਨੋਬਲ ਇਨਾਮ ਮਿਲਿਆ ਹੈ। ਕਿਸੇ ਖੇਤਰ ਵਿਚ ਇਸ ਇਨਾਮ ਦਾ ਮਿਲਣਾ ਇਹ ਦੱਸਦਾ ਹੈ ਕਿ ਇਨਾਮ ਲੈਣ ਵਾਲੇ ਵਿਅਕਤੀ ਦੀ ਇਸ ਖੇਤਰ ਵਿਚ ਕੋਈ ਵਿਸ਼ੇਸ਼ ਦੇਣ ਹੈ। ਅਮਰਿਤਯ ਸੇਨ ਦੀ ਦੇਣ ਆਰਥਿਕ ਨੀਤੀਆਂ ਦੇ ਖੇਤਰ ਵਿਚ ਹੈ ਤੇ ਉਹਦੀ ਵਿਸ਼ੇਸ਼ਤਾ ਹੈ ਕਿ ਉਸਨੇ ਜਿਥੇ ਇਸ ਗੱਲ ਨੂੰ ਘੋਖਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਆਰਥਿਕ ਨੀਤੀ ਅਪਨਾਉਣ ਵੇਲੇ ਪਹੁੰਚ ਕੀ ਹੋਣੀ ਚਾਹੀਦੀ ਹੈ ਉਥੇ ਇਸ ਪਹੁੰਚ ਨੂੰ ਰਾਜਨੀਤਿਕ ਸਿਸਟਮ ਨਾਲ ਵੀ ਜੋੜਿਆ ਹੈ ਅਤੇ ਸਪੱਸ਼ਟ ਸ਼ਬਦਾਂ ਵਿਚ ਇਹ ਕਿਹਾ ਹੈ ਕਿ ਕਿਸੇ ਆਰਥਿਕ ਨੀਤੀ ਦੀ ਸਫ਼ਲਤਾ ਜਾਂ ਅਸਫਲਤਾ ਇਸ ਗੱਲ ਤੇ ਨਿਰਭਰ ਹੈ ਕਿ ਉਹ ਕਿਸ ਰਾਜਨੀਤੀ ਸਿਸਟਮ ਥੱਲੇ ਅਪਣਾਈ ਜਾਂਦੀ ਹੈ।

ਇਸ ਵੇਲੇ ਦੁਨੀਆ ਵਿਚ ਦੋ ਕਿਸਮ ਦੇ ਆਰਥਿਕ ਸਿਸਟਮ ਹਨ। ਇਕ ਸਰਮਾਏਦਾਰੀ ਦਾ ਸਿਸਟਮ ਹੈ ਅਤੇ ਦੂਜਾ ਸਮਾਜਵਾਦੀ ਸਿਸਟਮ ਹੈ। ਕਈ ਸਿਸਟਮ ਵਿਚ ਵਿਚਾਲੇ ਵੀ ਹਨ, ਪਰ ਬੁਨਿਆਦੀ ਤੌਰ 'ਤੇ ਦੋ ਹੀ ਸਿਸਟਮ ਹਨ, ਦੋਨਾਂ ਦਾ ਆਧਾਰ ਵੱਖਰਾ-ਵੱਖਰਾ ਹੈ। ਇਕ ਮੰਡੀ ਦੀ ਆਰਥਿਕਤਾ ਹੈ, ਜਿਸ ਦਾ ਮੁੱਖ ਆਧਾਰ ਮੁਨਾਫ਼ਾ ਹੈ, ਇਹ ਸਰਮਾਏਦਾਰੀ ਸਿਸਟਮ ਹੈ। ਦੂਜਾ ਸਮਾਜਵਾਦੀ ਸਿਸਟਮ ਹੈ, ਜਿਸ ਦੀ ਪ੍ਰਤੀਬੱਧਤਾ ਮਨੁੱਖ ਦੀ ਬਿਹਤਰੀ ਵੱਲ ਹੈ, ਭਾਵੇਂ ਉਸ ਵਿਚ ਘਾਟੇ ਵਾਲਾ ਸੌਦਾ ਵੀ ਹੋਵੇ। ਜਿਥੋਂ ਤੱਕ ਸਮਾਜਕ ਇਨਸਾਫ਼ ਦਾ ਸਬੰਧ ਹੈ, ਇਹ ਸਾਫ਼ ਹੈ ਕਿ ਸਮਾਜਵਾਦੀ ਸਿਸਟਮ ਨੂੰ ਹੀ ਇਹਦਾ ਫ਼ਿਕਰ ਹੈ। ਸਰਮਾਏਦਾਰੀ ਸਿਸਟਮ ਵਿਚ ਇਹ ਫ਼ਿਕਰ ਸ਼ਾਮਿਲ ਨਹੀਂ, ਜੇ ਸ਼ਾਮਿਲ ਹੈ ਵੀ ਤਾਂ ਇਹ ਦੋਮ ਦਰਜਾ ਰੱਖਦਾ ਹੈ, ਕਿਉਂਕਿ ਇਸ ਸਿਸਟਮ ਦੇ ਅਲਮਬਰਦਾਰ ਸੋਚਦੇ ਹਨ ਕਿ ਜੇਕਰ ਇਹ ਫ਼ਿਕਰ ਮੁੱਖ ਫ਼ਿਕਰ ਬਣਾਇਆ ਜਾਵੇ ਤਾਂ ਇਹ ਸਿਸਟਮ ਚੱਲ ਨਹੀਂ ਸਕਦਾ। ਮਨਮੋਹਨ ਸਿੰਘ ਦੀਆਂ ਨੀਤੀਆਂ ਬਾਰੇ ਬਹਿਸ ਇਸ ਨੁਕਤੇ ਤੇ ਅਧਾਰਤ ਸੀ। ਅਮਰਿਤਯ ਸੇਨ ਦੀ ਆਰਥਿਕ ਯੋਜਨਾਬੰਧੀ ਦੇ ਖੇਤਰ ਵਿਚ ਇਹ ਮੌਲਿਕ ਦੇਣ ਹੈ ਕਿ ਉਸਨੇ ਯੋਜਨਾਬੰਧੀ ਵਿਚ ਇਸ ਨੁੱਕਤੇ ਤੇ ਧਿਆਨ ਕੇਂਦਰਤ ਕੀਤਾ ਹੈ ਕਿ ਕੋਈ ਸਿਸਟਮ ਚਲਾਉਣ ਲਈ ਰਾਜਨੀਤੀ ਦਾ ਸਿਸਟਮ ਕੀ ਹੈ ?ਅਸੀਂ ਜਿਹੜੇ ਸਮਾਜਿਕ ਨਿਆਂ ਵਾਲਾ ਅਰਥਚਾਰਾ ਚਲਾਉਣ ਦੇ ਹੱਕ ਵਾਲੇ ਹਨ, ਸਾਡੇ ਲਈ ਇਹ ਵਿਚਾਰ ਵਾਲੀ ਗੱਲ ਹੈ।

ਰੂਸ ਵਿਚ ਵੀ ਅਤੇ ਉਹਦੇ ਨਾਲ ਹੋਰ ਪੂਰਬੀ ਯੂਰਪ ਦੇ ਮੁਲਕਾਂ ਵਿਚ ਸਮਾਜਵਾਦੀ ਤਰਜ਼ ਦੀ ਆਰਥਿਕਤਾ ਲਾਗੂ ਕੀਤੀ ਗਈ ਪਰ ਉਹ ਢਹਿ-ਢੇਰੀ ਹੋਏ। ਅਮਰਿਤਯ ਸੇਨ ਦੇ ਵਿਚਾਰਾਂ ਦੇ ਸੰਦਰਭ ਵਿਚ ਇਹਦਾ ਇਹ ਕਾਰਨ ਲੱਭਿਆ ਜਾ ਸਕਦਾ ਹੈ ਕਿ ਇਹ ਸਿਸਟਮ ਜਮਹੂਰੀਅਤ ਦੀ ਤਰਜ਼ ਤੇ ਨਹੀਂ ਚੱਲਦੇ ਸਨ, ਸਗੋਂ ਪਾਰਟੀ ਦੀ ਡਿਕਟੇਟਰਸ਼ਿਪ ਜਾਂ ਤਾਨਾਸ਼ਾਹੀ ਥੱਲੇ ਚੱਲਦੇ ਸਨ ਤੇ ਆਮ ਆਦਮੀ ਦੀ ਉਹਦੇ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਸੀ, ਸਗੋਂ ਆਮ ਆਦਮੀ ਦੀ ਰਾਏ ਨੂੰ ਦਬਾਇਆ ਜਾਂਦਾ ਸੀ। ਮਾਰਕਸ ਨੇ ਸ਼ਬਦ ਡਿਕਟੇਟਰਸ਼ਿਪ ਆਫ਼ ਪ੍ਰੋਲੇਤਾਰੀਅਟ ਆਪਣੀਆਂ ਲਿਖਤਾਂ ਵਿਚ ਵਰਤਿਆ ਹੈ। ਇਸ ਸ਼ਬਦ ਦਾ ਇਹ ਅਰਥ ਕੱਢਿਆ ਜਾਣਾ ਚਾਹੀਦਾ ਸੀ ਕਿ ਸੋਸ਼ਲਿਸ਼ਟ ਦੇਸ਼ ਵਿਚ ਜੋ ਵੀ ਆਰਥਿਕ ਨੀਤੀਆਂ ਚਲਾਈਆਂ ਜਾਣਗੀਆਂ ਉਹ ਪ੍ਰੋਲਤਾਰੀ ਦੇ ਹਿੱਤ ਵਾਸਤੇ ਚਲਾਈਆਂ ਜਾਣਗੀਆਂ। ਉਹਨਾਂ ਦੀ ਦਿਸ਼ਾ ਪ੍ਰੋਲਤਾਰੀ ਦੇ ਹਿੱਤ ਡਿਕਟੇਟ ਕਰਨਗੇ। ਇਕ ਵਿਚਾਰ ਇਹ ਪ੍ਰਗਟ ਕੀਤਾ ਗਿਆ ਹੈ ਕਿ ਰੂਸ ਵਿਚ ਪ੍ਰੋਲਤਾਰੀ ਦੇ ਨਾਂ ਥੱਲੇ ਪਾਰਟੀ ਦੇ ਬੌਧਾਂ ਦੀ ਡਿਕਟੇਟਰਸ਼ਿਪ ਬਣ ਗਈ ਸੀ ਜਿਸ ਬਾਰੇ ਰੂਸ ਦੇ ਬਾਹਰਲੇ ਬੁਰਜੂਆ ਬੁੱਧੀਜੀਵੀ ਨੁਕਤਾਚੀਨੀ ਕਰਦੇ ਰਹੇ। ਪਰ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਦੇ ਕਾਰਨਾਂ ਬਾਰੇ ਮਾਰਕਸੀ ਹਲਕਿਆਂ ਵਿਚ ਅਜੇ ਵੀ ਬਹਿਸ ਜਾਰੀ ਹੈ।

ਅਮਰਿਤਯ ਸੇਨ ਦਾ ਵਿਚਾਰ ਹੈ ਕਿ ਸਮਾਜਵਾਦੀ ਆਰਥਿਕ ਸਿਸਟਮ ਜਮਹੂਰੀਅਤ ਦੀ ਤਰਜ਼ ਦੀ ਹਕੂਮਤ ਵਿਚ ਬਹੁਤਾ ਸਫ਼ਲ ਹੋ ਸਕਦਾ ਹੈ ਕਿਉਂਕਿ ਜਮਹੂਰੀਅਤ ਵਿਚ ਵਿਰੋਧੀ ਧਿਰ ਹਕੂਮਤ ਦੀਆਂ ਨੀਤੀਆਂ ਉੱਤੇ ਬਾਜ਼-ਅੱਖ ਰੱਖਦੀ ਹੈ। ਇਸ ਬਾਜ਼-ਅੱਖ ਵਾਲੀ ਪਹਿਰੇਦਾਰੀ ਦੀ ਅਣਹੋਂਦ ਹਕੂਮਤ ਨੂੰ ਪੜਾਅ-ਦਰ-ਪੜਾਅ ਥੱਲੇ ਹੀ ਥੱਲੇ ਲੈ ਜਾਂਦੀ ਹੈ। ਪਾਰਦਰਸ਼ੀ ਸਮਾਜਵਾਦੀ ਆਰਥਿਕ ਸਿਸਟਮ ਹੀ ਸਫ਼ਲਤਾ ਦੀ ਜ਼ਾਮਨੀ ਹੈ। ਅਸੀਂ ਆਪਣੇ ਦੇਸ਼ ਵਿਚ ਇਕ ਐਸੇ ਸਿਸਟਮ ਥੱਲੇ ਜੀ ਰਹੇ ਹਾਂ, ਜੋ ਬੁਨਿਆਦੀ ਤੌਰ 'ਤੇ ਗਰੀਬ ਦੁਸ਼ਮਣ ਹੈ। ਅਸੀਂ ਜੋ ਇਸ ਸਿਸਟਮ ਦੇ ਵਿਰੁੱਧ ਹਾਂ, ਅਸੀਂ ਲੋਕਾਂ ਨੂੰ ਬਦਲਵਾਂ ਸਿਧਾਂਤ ਦੇਣਾ ਹੈ। ਇਹ ਬਦਲ ਮੁੱਖ ਤੌਰ 'ਤੇ ਸਮਾਜਵਾਦੀ ਆਰਥਿਕ ਸਿਸਟਮ ਵਾਲਾ ਹੀ ਹੋ ਸਕਦਾ ਹੈ ਪਰ ਪਹਿਲੇ ਕਾਇਮ ਕੀਤੇ ਸਮਾਜਵਾਦੀ ਸਿਸਟਮ ਵਿਚ ਕੀ ਗ਼ਲਤੀ ਹੋਈ, ਉਸਦੇ ਬਾਰੇ ਖੁੱਲ੍ਹ ਕੇ ਵਿਚਾਰ ਕਰਨਾ ਜ਼ਰੂਰੀ ਹੈ। ਅਮਰਿਤਯ ਸੇਨ ਦੇ ਵਿਚਾਰ ਇਸ ਵਿਚ ਸਹਾਇਤਾ ਕਰ ਸਕਦੇ ਹਨ ਭਾਵੇਂ ਇਹ ਵੀ ਜ਼ਰੂਰੀ ਨਹੀਂ ਕਿ ਅਸੀਂ ਉਹਨਾਂ ਨੂੰ ਹੂ-ਬ-ਹੂ ਸਵੀਕਾਰ ਕਰੀਏ।